Roll No. ..................

Total No. of Questions : 12]

**142**

[Total No. of Printed Pages : 20

**SS**

**2117**

**ਸਲਾਨਾ ਪਰੀਖਿਆ ਪ੍ਰਣਾਲੀ**

**ACCOUNTANCY–II (Part–I) &**

**ACCOUNTANCY–II (Part–II)**

**(Commerce Group Only)**

**(Punjabi, Hindi and English Versions)**

Time allowed : 3 hours

Maximum marks : 50

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ **142** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਵਿੱਚ ਤਿੰਨ ਭਾਗ ਹਨ ਅਰਥਾਤ **ਭਾਗ–ੳ, ਭਾਗ–ਅ ਅਤੇ ਭਾਗ–ੲ** । **ਭਾਗ–ੳ ਸਭੀ ਵਿਦਿਆਰਥਿਆਂ ਲਈ ਜ਼ਰੂਰੀ ਹੈ** ਅਤੇ ਵਿਦਿਆਰਥੀ **ਭਾਗ–ਅ ਅਤੇ ਭਾਗ–ੲ ਵਿੱਚੋਂ ਸਿਰਫ਼ ਇੱਕ ਭਾਗ** ਨੂੰ ਚੁਣ ਸਕਦੇ ਹਨ ।

(v) ਸੰਖਿਆਤਮਕ ਪ੍ਰਸ਼ਨਾਂ ਲਈ ਸ਼ਬਦਾਂ, ਲਾਈਨਾਂ ਜਾਂ ਪੰਨਿਆਂ ਦੀ ਕੋਈ ਸੀਮਾ ਨਹੀਂ ਹੈ ।

(vi) ਪ੍ਰੋਗਰਾਮਾਂ ਤੋਂ ਬਿਨਾਂ ਸਧਾਰਣ ਗਣਨਯੰਤਰ ਵਰਤਣ ਦੀ ਆਗਿਆ ਹੈ ।

ਭਾਗ–ੳ

(vii) ਪ੍ਰਸ਼ਨ ਨੰ. *1* ਵਿਚ ਹਰੇਕ *1* ਅੰਕ ਦੇ *3* ਉਪ-ਭਾਗ ਹਨ । ਵਸਤੂਨਿਸ਼ਠ ਪ੍ਰਸ਼ਨਾਂ ਵਿੱਚ ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ/ ਖਾਲੀ ਥਾਂ ਭਰੋ/ਸਹੀ ਜਾਂ ਗਲਤ/ ਬਹੁਪੱਖੀ ਪਸੰਦ ਦੇ ਪ੍ਰਸ਼ਨ ਹੋ ਸਕਦੇ ਹਨ ।

ਪ੍ਰਸ਼ਨ ਨੰ. *2* ਤੋਂ *5* ਹਰੇਕ ਦੇ *2* ਅੰਕ ਹੋਣਗੇ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *5-10* ਲਾਇਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *6* ਵਿੱਚ ਚਾਰ ਉਪ-ਭਾਗ ਹਨ । ਚਾਰ ਵਿੱਚੋਂ ਕੋਈ **ਤਿੰਨ** ਪ੍ਰਸ਼ਨ ਕਰੋ । ਹਰੇਕ ਪ੍ਰਸ਼ਨ ਚਾਰ ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *15-20* ਲਾਇਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *7* ਅੰਦਰੂਨੀ ਚੋਣ ਵਾਲਾ ਪ੍ਰਸ਼ਨ ਹੋਵੇਗਾ । ਇਹ ਪ੍ਰਸ਼ਨ *6* ਅੰਕਾਂ ਦਾ ਹੋਵੇਗਾ ।

ਭਾਗ–ਅ ਅਤੇ ੲ

(viii) ਪ੍ਰਸ਼ਨ ਨੰ. *8* ਵਿੱਚ *1* ਅੰਕ ਦੇ *3* ਉਪ-ਭਾਗ ਹੋਣਗੇ । ਹਰੇਕ ਭਾਗ ਦਾ ਉੱਤਰ *1-15* ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *9* ਅਤੇ *10* ਹਰੇਕ *2* ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *5-10* ਲਾਈਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *11* ਵਿੱਚ *3* ਉਪ-ਭਾਗ ਹੋਣਗੇ । ਤਿੰਨ ਵਿੱਚੋਂ ਕੋਈ ਦੋ ਪ੍ਰਸ਼ਨ ਕਰੋ । ਹਰੇਕ ਪ੍ਰਸ਼ਨ ਚਾਰ ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *15-20* ਲਾਈਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *12* ਵਿੱਚ ਅੰਦਰੂਨੀ ਛੋਟ ਹੈ । ਇਹ ਪ੍ਰਸ਼ਨ *6* ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ, ਉੱਤਰ-ਪੱਤਰੀ ਦੇ *3-4* ਪੰਨਿਆਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਭਾਗ-ੳ

1. (ੳ) ਖਾਸ ਦਾਨ ਕੀ ਹੈ ? 1

(ਅ) ਖ਼ਾਲੀ ਸਥਾਨ ਭਰੋ : 1

ਸਮਝੋਤੇ ਦੀ ਅਣਹੋਂਦ ਵਿੱਚ, ਸਾਂਝੇਦਾਰ ਦੁਆਰਾ ਦਿਤੇ ਗਏ ਕਰਜੇ ਤੇ ................ ਪ੍ਰਤੀਸ਼ਤ ਵਿਆਜ ਦਿਤਾ ਜਾਂਦਾ ਹੈ ।

(ੲ) ਜੇ ਕਰ ਨਵੇ ਸਾਂਝੇਦਾਰ ਦੇ ਦਾਖਲੇ ਸਮੇ ਕੋਈ ਰਿਜਰਵ ਚਿਠੇ ਵਿੱਚ ਹੈ, ਤਾ ਇਹ ਪੁਰਾਣੇ ਸਾਂਝੇਦਾਰਾਂ ਨੂੰ ਕਰੈਡਿਟ ਕੀਤਾ ਜਾਵੇਗਾ ................

(i) ਪੁਰਾਣੀ ਅਨੁਪਾਤ ਵਿੱਚ (ii) ਨਵੀ ਅਨੁਪਾਤ ਵਿੱਚ

(iii) ਤਿਆਗ ਅਨੁਪਾਤ ਵਿੱਚ (iv) ਮੁਨਾਫਾ ਅਨੁਪਾਤ ਵਿੱਚ 1

2. ਹੇਠ ਲਿਖੀਆ ਸੁਚਨਾਵਾਂ ਤੋਂ ਆਮਦਨ-ਖਰਚ ਖਾਤੇ ਵਿੱਚ ਕੁਲ ਖਰਚ ਦੀ ਰਕਮ ਲਿਖੋ :

ਸਟੇਸ਼ਨਰੀ ਦਾ ਸਟਾਕ 1.4.08 = 2800

ਸਟੇਸ਼ਨਰੀ ਲਈ ਲੈਣਦਾਰ 1.4.08 = 2400

ਸਟੇਸ਼ਨਰੀ ਦਾ ਸਟਾਕ 31.3.09 = 2150

ਸਾਲ ਦੌਰਾਨ ਸਟੇਸ਼ਨਰੀ ਲਈ ਦਿਤੀ ਰਕਮ = 22450

ਸਟੇਸ਼ਨਰੀ ਲਈ ਲੈਣਦਾਰ 31.3.09 = 2280 2

3. A ਨੇ ਵਪਾਰ ਵਿਚੋਂ ਹੇਠ ਲਿਖੇ ਅਨੁਸਾਰ ਆਹਰਣ ਕੀਤੇ ਆਹਰਣ ਦੇ ਉਪਰ 5% ਸਲਾਨਾ ਦਰ ਨਾਲ਼ ਵਿਆਜ ਕਢੋ

1 ਮਈ 2015 = 1200

1 ਜੁਲਾਈ 2015 = 1500

1 ਸਤੰਬਰ 2015 = 1400

1 ਦਸੰਬਰ 2015 = 1600

1 ਫਰਵਰੀ 2016 = 1200

ਜਦੋਂ ਕਿਤਾਬਾਂ 31 ਮਾਰਚ 2016 ਨੂੰ ਬੰਦ ਕੀਤੀਆ ਜਾਂਦੀਆਂ ਹਨ । 2

4. ਤਿਆਗ ਅਨੁਪਾਤ ਅਤੇ ਮੁਨਾਫਾ ਅਨੁਪਾਤ ਵਿੱਚ ਕੀ ਅੰਤਰ ਹੈ ? 2

5. ਸਾਂਝੇਦਾਰੀ ਸਮਾਪਨ ਦੇ ਕੋਈ ਦੋ ਢੰਗ ਲਿਖੋ । 2

6. (ੳ) ਹੇਠ ਲਿਖੇ ਸਿਟੀਜਨ ਕਲਬ ਦੇ ਪ੍ਰਾਪਤੀ ਤੇ ਭੁਗਤਾਨ ਖਾਤੇ ਤੋਂ ਆਮਦਨ ਤੇ ਖ਼ਰਚ ਖਾਤਾ 31 ਦਿਸੰਬਰ 2013 ਨੂੰ ਬਣਾਓ ।

| ਪ੍ਰਾਪਤੀਆਂ | ਰਕਮ | ਭੁਗਤਾਨ | ਰਕਮ |
|---|---|---|---|
| ਰੋਕੜ : ਸ਼ੁਰੂ | 4,500 | ਤਨਖਾਹ | 4,950 |
| ਬੈਂਕ : ਸ਼ੁਰੂ | 12,600 | ਸਟੇਸ਼ਨਰੀ | 195 |
| ਚੰਦਾ | 15,400 | ਰਿਪੇਅਰ ਖਰਚੇ | 750 |
| ਦਾਨ | 7,200 | ਬਿਲਿਅਰਡ ਟੇਬਲ | 7,500 |
| ਵਿਨਿਯੋਗ ਤੇ ਵਿਆਜ | 180 | ਵਿਨਿਯੋਗ ਖਰੀਦੇ | 6,500 |
| ਦਾਖਲਾ ਫੀਸ | 1,800 | ਫੁਟਕਲ ਖਰਚੇ | 600 |
| ਬੈਂਕ ਵਿਆਜ | 630 | ਫਰਨੀਚਰ ਖਰੀਦੇਆ | 2,300 |
| ਪੁਰਾਣੇ ਅਖਬਾਰ ਵੇਚੇ | 120 | ਬੀਮਾ ਕਿਸ਼ਤ | 700 |
| | | ਰੋਕੜ : ਅੰਤ | 400 |
| | | ਬੈਂਕ : ਅੰਤ | 18,535 |
| | 42,430 | | 42,430 |

(i) ਸਾਲ 2013 ਵਿੱਚ ਚੰਦੇ ਦਾ ਬਕਾਇਆ 1,350 ₹ ਅਤੇ ਸਾਲ 2014 ਲਈ ਪੇਸ਼ਗੀ ਚੰਦਾ 1,150 ₹ ਹੈ ।

(ii) ਬੀਮਾ ਪ੍ਰੀਮਿਅਮ 250 ₹ ਪੇਸ਼ਗੀ ਅਦਾ ਕੀਤਾ ਗਿਆ ।

(iii) ਫੁਟਕਲ ਖਰਚੇਆਂ ਦਾ ਬਕਾਇਆ 350 ₹ ਹੈ ।

(iv) ਦਾਨ ਦਾ 50% ਪੂੰਜੀਗਤ ਬਣਾਇਆ ਜਾਵੇ ।

(v) ਦਾਖ਼ਲਾ ਫ਼ੀਸ ਪੂੰਜੀਗਤ ਪ੍ਰਾਪਤੀ ਵਜੋਂ ਜਾਣੀ ਜਾਵੇ । 4

(ਅ) ਸਾਂਝੇਦਾਰਾਂ ਦੇ ਕਿਹੜੇ-ਕਿਹੜੇ ਅਧਿਕਾਰ ਹਨ ? 4

(ੲ) ਸਾਂਝੇਦਾਰੀ ਫਰਮ ਦੇ ਸਮਾਪਨ ਦੇ ਸਮੇ ਹੇਠ ਲਿਖੀਆਂ ਦਾ ਲੇਖਾ ਕਿਵੇਂ ਕੀਤਾ ਜਾਵੇਗਾ

(i) ਵਿਨਿਯੋਗ ਬਦਲਣਾਂ ਫੰਡ

(ii) ਸ਼ਕੀ ਕਰਜੇਆਂ ਲਈ ਪ੍ਰਾਵਧਾਨ

(iii) ਕਰਮਚਾਰੀ ਹਾਨੀਪੂਰਤੀ ਫੰਡ

(iv) ਸਾਂਝੇਦਾਰ ਦੁਆਰਾ ਸੰਪਤੀ ਦਾ ਲੈਣਾ 4

(ਸ) ਏ ਅਤੇ ਬੀ ਲਾਭ-ਹਾਨੀ 2:1 ਵਿੱਚ ਵੰਡਦੇ ਹਨ । ਉਹਨਾ ਦਾ ਅੰਤਿਮ ਚਿਠਾ 31.3.2007 ਨੂੰ ਹੇਠਾਂ ਦਿਤਾ ਗਿਆ

ਏ ਅਤੇ ਬੀ ਦਾ ਚਿੱਠਾ 31 ਮਾਰਚ, 2007 ਨੂੰ

| ਦੇਣਦਾਰੀਆਂ | ਰਕਮ | ਸੰਪਤੀਆਂ | ਰਕਮ |
|---|---|---|---|
| ਦੇਣਯੋਗ ਬਿਲ | 8,000 | ਰੋਕੜ | 550 |
| ਲੈਣਦਾਰ | 40,450 | ਬੈਂਕ | 5,500 |
| ਪੂੰਜੀ : | | ਦੇਣਦਾਰ | 6,600 |
| ਏ | 35,000 | ਸਟਾਕ | 12,000 |
| ਬੀ | 30,000 | ਪਲਾਂਟ | 3,800 |
| | | ਮਸ਼ੀਨਰੀ | 18,000 |
| | | ਬਿਲਡਿੰਗ | 67,000 |
| | 1,13,450 | | 1,13,450 |

(i) 1 ਅਪ੍ਰੈਲ 2007 ਨੂੰ ਉਹਨਾ ਨੇ ਫੈਸਲਾ ਕੀਤਾ ਕਿ ਸੀ ਨੂੰ ਹੇਠ ਲਿਖੀਆਂ ਸ਼ਰਤਾਂ ਤੇ ਦਾਖਲ ਕੀਤਾ ਜਾਵੇਗਾ ।

(ii) ਸੀ ਨੂੰ ਭਵਿਖ ਲਾਭ ਵਿਚੋਂ $\frac{1}{5}$ ਹਿੱਸਾ ਦਿਤਾ ਜਾਵੇਗਾ ਉਹ 20,000 ਰੁਪਏ ਪੂੰਜੀ ਵਜੋ ਅਤੇ 5000 ਰੁਪਏ ਸਾਖ ਵਜੋਂ ਲੈ ਕੇ ਆਵੇਗਾ ।

(iii) ਸਟਾਕ, ਪਲਾਂਟ ਤੇ ਮਸ਼ੀਨਰੀ ਤੇ 10% ਘਸਾਈ ਲਗੇਗੀ ।

(iv) ਦੇਣਦਾਰਾਂ ਤੇ 5% ਸ਼ਕੀ ਕਰਜੇਆਂ ਲਈ ਰਿਜਰਵ ਹੋਵੇਗਾ ।

(v) ਬਿਲਡਿੰਗ ਦੀ ਕੀਮਤ 20% ਵਧਾਈ ਜਾਵੇਗੀ ।

(vi) ਪੁਰਾਣੇ ਸਾਂਝੇਦਾਰਾਂ ਨੇ ਸੀ ਤੋਂ ਪ੍ਰਾਪਤ ਕੀਤੀ ਗਈ ਸਾਖ ਦੀ ਰਕਮ ਵਪਾਰ ਵਿੱਚ ਹੀ ਰਖਣ ਦਾ ਫੈਸਲਾ ਕੀਤਾ ।

ਪੁਨਰ-ਮੁਲਾਂਕਣ ਤੇ ਪੂੰਜੀ ਖਾਤੇ ਬਣਾਓ । 4

7. ਪੰਕਜ ਤੇ ਪ੍ਰਦੀਪ ਨੇ 1 ਅਪ੍ਰੈਲ 2006 ਨੂੰ ਵਪਾਰ ਸ਼ੁਰੂ ਕੀਤਾ । ਦੋਨਾਂ ਨੇ ਕ੍ਰਮਵਾਰ 80,000 ਰੁਪਏ ਅਤੇ 60,0( ਰੁਪਏ ਪੂੰਜੀ ਵਜੋਂ ਪਾਏ ।

ਸਮਝੌਤੇ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ ।

(i) ਪੂੰਜੀ ਤੇ ਆਹਰਣ ਤੇ ਵਿਆਜ ਕ੍ਰਮਵਾਰ 10% ਅਤੇ 6% ਹੋਵੇਗਾ ।

(ii) ਪੰਕਜ ਤੇ ਪ੍ਰਦੀਪ ਨੂੰ ਕ੍ਰਮਵਾਰ 4,000 ਰੁਪਏ ਅਤੇ 5,000 ਰੁਪਏ ਮਹੀਨਾ ਤਨਖਾਹ ਦਿਤੀ ਜਾਵੇਗੀ ।

(iii) ਲਾਭ-ਹਾਨੀ ਬਰਾਬਰ ਅਨੁਪਾਤ ਵਿੱਚ ਹੋਵੇਗਾ ।

31 ਮਾਰਚ 2007 ਨੂੰ ਖਤਮ ਹੋਣ ਵਾਲੇ ਸਾਲ ਨੂੰ ਉਪਰੋਕਤ ਸਮਾਯੋਜਨਾਂ ਤੋਂ ਪਹਿਲਾ 1,75,000 ਰੁਪਏ ਲ ਦੀ ਰਾਸ਼ੀ ਸੀ । ਪੰਕਜ ਤੇ ਪ੍ਰਦੀਪ ਦੀ ਆਹਰਣ ਦੀ ਰਕਮ ਕ੍ਰਮਵਾਰ 18,000 ਰੁਪਏ ਅਤੇ 12,000 ਰੁ ਹੈ ਅਤੇ ਇਸ ਉਪਰ ਵਿਆਜ ਦੀ ਰਕਮ ਕ੍ਰਮਵਾਰ 900 ਰੁਪਏ ਅਤੇ 750 ਰੁਪਏ ਹੈ ।

ਲਾਭ-ਹਾਨੀ ਸਮਾਯੋਜਨ ਖਾਤਾ ਤੇ ਪੂੰਜੀ ਖਾਤੇ ਬਣਾਓ ।

ਜਾਂ

ਐਕਸ, ਵਾਈ, ਜ਼ੈਡ ਫਰਮ ਦਾ ਅੰਤਿਮ ਚਿਠਾ 31.12.2006 ਨੂੰ ਹੇਠ ਲਿਖੇ ਅਨੁਸਾਰ ਹੈ । ਅਤੇ ਉਹ ਲਾਭ-ਹਾ 2:3:1 ਅਨੁਪਾਤ ਵਿੱਚ ਵੰਡਦੇ ਹਨ ।

ਅੰਤਿਮ ਚਿਠਾ 31.12.2006

| ਦੇਣਦਾਰੀਆਂ | ਰਕਮ | ਸੰਪਤੀਆਂ | ਰਕਮ |
|---|---|---|---|
| ਲੈਣਦਾਰ | 58,000 | ਬੈਂਕ | 2,300 |
| | | ਦੇਣਦਾਰ 8,000 | |
| ਪੂੰਜੀ : | | –ਰਿਜਰਵ 300 | 7,700 |
| ਐਕਸ | 20,000 | ਸਟਾਕ | 18,000 |
| ਵਾਈ | 30,000 | ਪਲਾਂਟ ਤੇ ਮਸ਼ੀਨਰੀ | 25,000 |
| ਜ਼ੈਡ | 20,000 | ਜਮੀਨ ਤੇ ਬਿਲਡਿੰਗ | 75,000 |
| | 1,28,000 | | 1,28,000 |

ਵਾਈ ਰਿਟਾਇਰ ਹੋ ਗਿਆ ਤੇ ਹੇਠ ਲਿਖੇ ਅਨੁਸਾਰ ਸਮਾਯੋਜਨ ਕੀਤਾ ਗਿਆ । ਵਾਈ ਦੀ ਬਾਕੀ ਬਚੀ ਰਕਮ ਉ ਕਰਜ ਖਾਤੇ ਵਿੱਚ ਤਬਦੀਲ ਕੀਤੀ ਗਈ ।

(i) ਸਟਾਕ ਦੀ ਕੀਮਤ ਵਿੱਚ 10% ਦੀ ਗਿਰਾਵਟ ਆਈ ।

(ii) ਦੇਣਦਾਰਾਂ ਤੇ ਵਧਾ ਕੇ ਰਿਜਰਵ 10% ਕਰ ਦਿਤਾ ਗਿਆ ।

(iii) ਜਮੀਨ ਤੇ ਬਿਲਡਿੰਗ ਦੀ ਕੀਮਤ 20% ਵਧਾਈ ਗਈ ।

(iv) ਕਾਨੂੰਨੀ ਖਰਚੇਆਂ ਲਈ ਬਕਾਇਆ 850 ₹ ਸੀ ।

(v) ਪੂਰੀ ਫਰਮ ਦੀ ਸਾਖ 12,000 ₹ ਨਿਰਧਾਰਿਤ ਕੀਤੀ ਗਈ ਅਤੇ ਵਾਈ ਦਾ ਹਿੱਸਾ ਐਕਸ ਅਤੇ ਜੈਡ ਕਿ ਸਮਾਯੋਜਿਤ ਕੀਤਾ ਗਿਆ ।

(vi) ਐਕਸ ਤੇ ਜੈਡ ਨੇ ਭਵਿਖ ਵਿੱਚ ਲਾਭ ਬਰਾਬਰ ਅਨੁਪਾਤ ਵਿੱਚ ਵੰਡਣ ਦਾ ਫੈਸਲਾ ਕੀਤਾ ।

(vii) ਨਵੀ ਫਰਮ ਦੀ ਕੁਲ ਪੂੰਜੀ ਐਕਸ ਤੇ ਜੈਡ ਵਿਚਕਾਰ 50,000 ਰੁਪਏ ਨਿਰਧਾਰਿਤ ਹੋਈ, ਇਸ ਉਦੇਸ ਲ ਅਸਲੀ ਨਕਦ ਦਿਤਾ ਜਾ ਲਿਆ ਜਾਵੇਗਾ ।

ਪੁਨਰ-ਮੁਲਾਂਕਣ ਖਾਤਾ, ਪੂੰਜੀ ਖਾਤੇ ਤੇ ਅੰਤਿਮ ਚਿਠਾ ਬਣਾਓ ।

ਭਾਗ–ਅ ਅਤੇ ਭਾਗ–ੲ ਵਿੱਚੋਂ ਕੋਈ ਇੱਕ ਭਾਗ ਕਰੋ ।

ਭਾਗ–ਅ

8. (ੳ) ਅਦਾ ਕੀਤੀ ਹੋਈ ਪੂੰਜੀ ਕੀ ਹੁੰਦੀ ਹੈ ? 1

(ਅ) ਕੁਲ ਲੰਬੇ ਸਮੇ ਦੇ ਫੰਡ ਅਤੇ ਲੰਬੇ ਸਮੇ ਦੇ ਕਰਜੇ ਦੀ ਸੰਤੁਸ਼ਟੀ ਅਨੁਪਾਤ ਕੀ ਹੈ ।

(i) 4:1 (ii) 3:1 (iii) 2:1 (iv) 1:1 1

(ੲ) ਠੀਕ ਜਾ ਗਲਤ ਲਿਖੋ

"ਨਕਦ ਪ੍ਰਵਾਹ ਵਿਵਰਨ, ਇੱਕ ਅਰਜਿਤ ਆਧਾਰ ਤੇ ਅਧਾਰਿਤ ਲੇਖਾ ਹੈ ।" 1

9. ਵਿਮੋਚਨ ਕਰਨਯੋਗ ਰਿਣ ਪੱਤਰ ਅਤੇ ਗੈਰ-ਵਿਮੋਚਨ ਕਰਨਯੋਗ ਰਿਣ ਪੱਤਰ ਕੀ ਹਨ ? 2

10. ਚਿਰਾਗ ਲਿਮਟਿਡ ਦੇ ਤਲਪਟ ਵਿੱਚ ਹੇਠ ਲਿਖੀਆਂ ਮਦਾਂ ਦਿਖਾਈ ਗਈਆਂ ਹਨ । ਕੰਪਨੀ ਨਿਯਮਾਂ ਅਨੁਸਾਰ ਅੰਤਿਮ ਚਿੱਠਾ ਬਣਾਓ ।

| ਵਿਵਰਣ | ਡੈਬਿਟ | ਕਰੈਡਿਟ |
|---|---|---|
| ਅੰਸ਼ ਪੂੰਜੀ | | |
| 26,000 ਪੂਰਨ ਦਿਤੇ ਹੋਈ ਅੰਸ਼ 10 ਰੁਪਏ | | |
| ਪ੍ਰਤੀ ਅੰਸ਼ | – | 2,60,000 |
| ਜਾਨਵਰ ਸਟਾਕ | 1,80,000 | – |
| ਗਿਰਵੀ | – | 65,000 |
| ਦੇਣਦਾਰ | 50,000 | – |
| ਸ਼ੁਰੂਆਤ ਦੇ ਖਰਚੇ | 95,000 | |
| | 3,25,000 | 3,25,000 |

2

11. (ੳ) ਅਨਾਮਿਕਾ ਲਿਮਟਿਡ ਨੇ 10 ਰੁਪਏ ਵਾਲੇ ਅੰਸ਼ਾਂ ਲਈ 80,000 ਅੰਸ਼ਾਂ ਲਈ ਪ੍ਰਾਰਥਨਾ ਪੱਤਰ ਮੰਗੇ ਅਤੇ ਹੇਠ ਲਿਖੇ ਅਨੁਸਾਰ ਰਾਸ਼ੀ ਦਿਤੀ ਜਾਣੀ ਸੀ

ਬੇਨਤੀ ਪੱਤਰ ਤੇ = 4 ਰੁਪਏ

ਅਲਾਟਮੈਂਟ ਤੇ = 3 ਰੁਪਏ

ਪਹਿਲੀ ਤੇ ਅੰਤਿਮ ਮੰਗ = 3 ਰੁਪਏ ।

ਸਾਰੇ ਅੰਸ਼ਾ ਲਈ ਬੇਨਤੀ ਪੱਤਰ ਪ੍ਰਾਪਤ ਹੋਏ ਤੇ ਅਲਾਟਮੈਂਟ ਕਰ ਦਿੱਤੀ ਗਈ । ਇਕ ਅੰਸ਼ਧਾਰੀ ਜਿਸ ਕੋਲ 4,000 ਅੰਸ ਸਨ ਉਸ ਨੇ ਅਲਾਟਮੈਂਟ ਨਹੀਂ ਦਿੱਤੀ । ਪ੍ਰੰਤੂ ਬਾਦ ਵਿੱਚ ਇਹ ਰਕਮ ਪਹਿਲੀ ਤੇ ਅੰਤਿਮ ਮੰਗ ਦੇ ਨਾਲ ਹੀ ਦੇ ਦਿੱਤੀ । ਇੱਕ ਹੋਰ ਅੰਸਧਾਰੀ ਜਿਸਨੂੰ 5,000 ਅੰਸ਼ ਅਲਾਟ ਹੋਏ ਸਨ ; ਉਸਨੇ ਅਲਾਟਮੈਂਟ ਦੇ ਸਮੇਂ ਹੀ ਪਹਿਲੀ ਤੇ ਅੰਤਿਮ ਮੰਗ ਦੀ ਰਾਸੀ ਦੇ ਦਿੱਤੀ । ਡਾਇਰੈਕਟਰਾਂ ਨੇ ਫੈਸਲਾ ਕੀਤਾ ਕਿ ਸਾਰਣੀ F ਦੇ ਅਨੁਸਾਰ ਬਕਾਇਆ ਮੰਗ ਰਾਸ਼ੀ ਅਤੇ ਐਡਵਾਂਸ ਮੰਗ ਰਾਸ਼ੀ ਉਪਰ ਵਿਆਜ ਲਿਆ ਜਾ ਦਿਤਾ ਜਾਵੇਗਾ । ਅਲਾਟਮੈਂਟ ਤੇ ਪਹਿਲੀ ਮੰਗ ਦੇ ਵਿਚਕਾਰ 3 ਮਹੀਨੇ ਦਾ ਅੰਤਰ ਸੀ । ਜਰਨਲ ਐਂਟਰੀਆਂ ਕਰੋ । 4

(ਅ) ਪੋਰਸ਼ੀਆ ਲਿਮਟਿਡ ਦਾ 31 ਦਸੰਬਰ 2006 ਨੂੰ ਖਤਮ ਹੋਣ ਵਾਲੇ ਸਾਲ ਦਾ ਲਾਭ-ਹਾਨੀ ਖਾਤਾ ਹੇਠਾਂ ਦਿਤਾ ਗਿਆ ਹੈ ।

ਵਪਾਰਿਕ ਤੇ ਲਾਭ-ਹਾਨੀ ਖਾਤਾ 31-21-2006

| | | | |
|---|---|---|---|
| ਸ਼ੁਰੂ ਦਾ ਸਟਾਕ | 2,50,000 | ਵਿਕਰੀ | 7,50,000 |
| ਖਰੀਦ | 5,00,000 | ਅੰਤਿਮ ਸਟਾਕ | 1,80,000 |
| ਮਜਦੂਰੀ | 50,000 | | |
| ਕੁਲ ਲਾਭ | 1,30,000 | | |
| | 9,30,000 | | 9,30,000 |
| ਪ੍ਰਸ਼ਾਸਨਿਕ ਖਰਚੇ | 20,000 | ਕੁਲ ਲਾਭ | 1,30,000 |
| ਵੇਚ ਤੇ ਵਿਤਰਨ ਖਰਚੇ | 80,000 | ਵਿਨਿਯੋਗ ਤੇ ਵਿਆਜ | 18,000 |
| ਗੈਰ ਕ੍ਰਿਆਤਮਕ ਖਰਚੇ | 20,000 | ਵਿਨਿਯੋਗ ਵੇਚਣ ਤੇ ਲਾਭ | 14,000 |
| ਸ਼ੁੱਧ ਲਾਭ | 42,000 | | |
| | 1,62,000 | | 1,62,000 |

ਹੇਠ ਲਿਖੇ ਅਨੁਸਾਰ ਗਣਨਾ ਕਰੋ ।

(i) ਕੁਲ ਲਾਭ ਅਨੁਪਾਤ

(ii) ਸ਼ੁੱਧ ਲਾਭ ਅਨੁਪਾਤ

(iii) ਕ੍ਰਿਆਤਮਕ ਅਨੁਪਾਤ

(iv) ਕ੍ਰਿਆਤਮਕ ਲਾਭ ਅਨੁਪਾਤ । 4

(ੲ) ਨਕਦ ਪ੍ਰਵਾਹ ਵਿਵਰਨ ਕੀ ਹੈ ? ਇਸ ਦੀਆਂ ਕੀ ਸੀਮਾਵਾਂ ਹਨ ? 4

**12.** ਰਿਣ ਪੱਤਰ ਕੀ ਹੈ ? ਰਿਣ ਪੱਤਰ ਦੀਆਂ ਮੰਗ ਦੇ ਬਕਾਏ ਅਤੇ ਰਿਣ ਪੱਤਰ ਉਪਰ ਪੇਸ਼ਗੀ ਪ੍ਰਾਪਤ ਵਿੱਚ ਕੀ ਅੰਤਰ ਹੈ । 6

ਜਾਂ

ਅਨੀਤਾ ਲਿਮਟਿਡ ਦੇ ਹੇਠ ਲਿਖੇ ਚਿਠੇ ਤੋਂ ਰੋਕੜ ਪ੍ਰਵਾਹ ਵਿਵਰਨ ਤਿਆਰ ਕਰੋ :

| ਦੇਣਦਾਰੀਆਂ | 2008 | 2009 | ਸੰਪਤੀਆ | 2008 | 2009 |
|---|---|---|---|---|---|
| ਸਧਾਰਨ ਅੰਸ਼ ਪੂੰਜੀ | 1,50,000 | 2,00,000 | ਨਕਦੀ | 30,000 | 40,000 |
| ਵਾਪਸੀ ਪੂਰਵ ਅਧਿਕਾਰ ਪੂੰਜੀ | 90,000 | 45,000 | ਬੈਂਕ | 15,000 | 32,500 |
| 10% ਰਿਣ ਪੱਤਰ | 50,000 | 1,15,000 | ਸਟਾਕ | 45,000 | 60,000 |
| ਲਾਭ-ਹਾਨੀ | 40,000 | 55,000 | ਦੇਣਦਾਰ | 60,000 | 1,35,000 |
| ਲੈਣਦਾਰ | 10,000 | 20,000 | ਪਲਾਂਟ ਮਸ਼ੀਨਰੀ | 1,50,000 | 1,35,000 |
| | | | ਸਾਖ | 40,000 | 32,500 |
| | 3,40,000 | 4,35,000 | | 3,40,000 | 4,35,000 |

(i) ਮਸ਼ੀਨਰੀ ਜਿਸ ਦਾ ਪੁਸਤਕ ਮੁੱਲ 42,500 ਰੁਪਏ ਸੀ ਉਸਨੂੰ 32,500 ਰੁਪਏ ਵਿੱਚ ਵੇਚਿਆ ।

(ii) ਸਾਲ ਦੇ ਦੌਰਾਨ 25,000 ਰੁਪਏ ਲਾਭਾਂਸ਼ ਦਿਤਾ ਗਿਆ ।

(iii) ਸਾਲ ਦੇ ਦੌਰਾਨ 12,500 ਰੁਪਏ ਘਿਸਾਵਟ ਲਗਾਈ ਗਈ ।

(iv) 31 ਮਾਰਚ 2009 ਨੂੰ ਨਵੇ ਅੰਸ਼ ਅਤੇ ਰਿਣ ਪੱਤਰ ਜਾਰੀ ਕੀਤੇ ਗਏ । 6

ਭਾਗ–ੲ

8. (i) CAS ਦਾ ਪੂਰਾ ਨਾਂ ਕੀ ਹੈ ? 1
(ii) DBMS ਸਾਫ਼ਟਵੇਅਰ ਦਾ ਇੱਕ ਤੱਤ ਲਿਖੋ । 1
(iii) Ctrl + X ਸਪਰੈਡਸ਼ੀਟ ਵਿੱਚ ਕਦੋਂ ਵਰਤਿਆ ਜਾਂਦਾ ਹੈ ? 1

9. ਕੰਪਿਊਟਰੀਕ੍ਰਿਤ ਲੇਖਾ ਵਿਧੀ ਦੀ ਕੋਈ ਇੱਕ ਕਿਸਮ ਲਿਖੋ । 2

10. DBMS ਵਿੱਚ ਫਾਰਮਜ ਕੀ ਹੁੰਦੇ ਹਨ ? 2

11. (i) ਕੰਪਿਊਟਰੀਕ੍ਰਿਤ ਲੇਖਾ ਵਿਧੀ ਦਾ ਢਾਂਚਾ ਕੀ ਹੈ ? 4
(ii) M.S. Access ਵਿੱਚ ਹੇਠ ਲਿਖੇ ਖਾਨੇਆਂ ਨਾਲ਼ ਇੱਕ ਡਿਜਾਇਨ ਟੇਬਲ ਬਣਾਓ : 4
ਲੜੀ ਨੰ: ਨਾਂ ਪਿਤਾ ਦਾ ਨਾਂ ਜਮਾਤ ਅਕਾਓਂਟੈਂਸੀ ਵਿੱਚ ਅੰਕ ਅਰਥਸ਼ਾਸਤਰ ਵਿੱਚ ਅੰਕ
(iii) ਹੇਠ ਲਿਖੀਆਂ ਐਂਟਰੀਆਂ ਨੂੰ ਛੋਟੀ ਰੋਕੜ ਰਜਿਸਟਰ ਵਿੱਚ DBMS ਦੇ ਅੰਤਰਗਤ ਲਿਖੋ

2015 ਜਨਵਰੀ 1 ਮੁੱਖ ਰੋਕੜੀਏ ਤੋਂ ਪ੍ਰਾਪਤ ਰਕਮ = 2000
2 ਡਾਕ ਟਿਕਟ ਦੇ ਖਰਚੇ = 180
3 ਕਿਰਾਇਆ ਦਿਤਾ = 150
4 ਸਟੇਸ਼ਨਰੀ ਖਰੀਦੀ = 40
5 ਰਿਕਸ਼ਾ ਕਿਰਾਇਆ ਦਿਤਾ = 100
6 ਰਿਫਰੈਸ਼ਮੈਂਟ ਦੇ ਖਰਚੇ = 450
7 ਟੈਕਸੀ ਕਿਰਾਇਆ ਦਿਤਾ = 100 4

12. DBMS ਵਿੱਚ ਰਿਪੋਰਟ ਕੀ ਹੁੰਦੀ ਹੈ ? ਇਹ ਕਿਵੇਂ ਤਿਆਰ ਕੀਤੀ ਜਾਂਦੀ ਹੈ ? 6

ਜਾਂ

ਦਿਤੇ ਗਏ ਤਲਪਟ ਤੋਂ ਕੰਪਿਊਟਰੀਕ੍ਰਿਤ ਲੇਖਾਕਾਰੀ ਪ੍ਰਣਾਲੀ ਦੀ ਵਰਤੋਂ ਕਰਕੇ 31 ਮਾਰਚ 2016 ਨੂੰ ਅੰਤਿਮ ਖਾਤੇ ਦਿਖਾਓ 6

| Debit | Amount | Credit | Amount |
|---|---|---|---|
| Plant & Machinery | 24,000 | Sales | 80,000 |
| Freehold Premises | 12,000 | Sundry Creditors | 10,000 |
| Wages | 4,500 | Bills Payable | 16,000 |
| Purchases | 70,000 | Bank Overhead | 5,000 |
| Cash in Hand | 4,000 | Loan on Mortgage | 7,000 |
| Salary | 800 | Capital | 36,400 |
| Carriage | 700 | | |
| Rent | 500 | | |
| Insurance | 1,200 | | |
| Drawings | 1,800 | | |
| Sundry Debtor | 18,000 | | |
| Motive Power | 1,500 | | |
| Int. on Loan | 2,000 | | |
| Carriage Outward | 1,400 | | |
| Bills Receivable | 12,000 | | |
| Total | 1,54,400 | | 1,54,400 |

ਅੰਤਿਮ ਸਟਾਕ = 18,000 ਰੁਪਏ ਸੀ । 6